International Journal of Applied Research 2018; 4(1): 253-258

International Journal of Applied Research

**ISSN Print:** 2394-7500
**ISSN Online:** 2394-5869
**Impact Factor:** 5.2
IJAR 2018; 4(1): 253-258
www.allresearchjournal.com
Received: 02-11-2017
Accepted: 05-12-2017

**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

Corresponding Author:
**ਡਾ. ਵਿਨੈਨੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਨਵੀਂ ਦਿੱਲੀ, ਭਾਰਤ

# ਖ਼ਬਰ ਲੇਖਨ: ਪ੍ਰਮੁੱਖ ਵਿਧੀਆਂ

**ਡਾ. ਵਿਨੈਨੀਤ ਕੌਰ**

## ਪ੍ਰਸਤਾਵਨਾ

ਖ਼ਬਰ ਲੇਖਨ ਨੂੰ ਵਿਚਾਰਨ ਤੋਂ ਪਹਿਲਾਂ 'ਖ਼ਬਰ' ਜਾਂ 'ਸਮਾਚਾਰ' ਨਾਲ ਜਾਣ-ਪਛਾਣ ਹੋਣਾ ਲਾਜ਼ਮੀ ਹੈ। 'ਖ਼ਬਰ' ਜਾਂ 'ਸਮਾਚਾਰਾਂ' ਨੂੰ ਬਹੁਤ ਸਾਰੀਆਂ ਪਰਿਭਾਸ਼ਾਵਾਂ ਨਾਲ ਪਰਿਭਾਸ਼ਤ ਕੀਤਾ ਗਿਆ ਹੈ, ਪਰ ਇਨ੍ਹਾਂ ਦੀ ਸੰਪੂਰਨ ਪਰਿਭਾਸ਼ਾ ਕੋਈ ਵੀ ਨਹੀਂ ਕਹੀ ਜਸ ਸਕਦੀ। 'ਖ਼ਬਰ' ਦੀ ਕੋਈ ਵੀ ਪਰਿਭਾਸ਼ਾ ਇਸ ਦੇ ਸਹੀ ਭਾਵ, ਕਿਰਿਆ ਜਾਂ ਕਾਰਜਾਂ ਨੂੰ ਮੁਕੰਮਲ ਤੌਰ ਤੇ ਪੇਸ਼ ਨਹੀਂ ਕਰ ਸਕੀ। ਇਸ ਤੋਂ ਇਲਾਵਾ ਕੁੱਝ ਕਾਰਨ ਹੋਰ ਵੀ ਹਨ ਜਿਨ੍ਹਾਂ ਕਰਕੇ ਇਨ੍ਹਾਂ ਪਰਿਭਾਸ਼ਾਵਾਂ ਨੂੰ ਮੁਕੰਮਲ ਕਹਿਣਾ ਮੁਸ਼ਕਲ ਹੈ, ਜਿਵੇਂ: ਅਖ਼ਬਾਰਾਂ, ਮੈਗਜ਼ੀਨ, ਰੇਡੀਓ, ਟੈਲੀਵਿਜਨ ਆਦਿ ਮਾਧਿਅਮਾਂ ਲਈ ਖ਼ਬਰ ਲੇਖਨ ਦੇ ਸਿਧਾਂਤ ਵਖਰੇ ਹਨ ਅਤੇ ਖ਼ਬਰਾਂ ਸੰਬੰਧੀ ਨਜ਼ਰੀਆ ਹਰ ਮਨੁੱਖ ਦਾ ਵਖਰਾ ਹੁੰਦਾ ਹੈ। ਸੋ ਵੱਖ-ਵੱਖ ਵਿਦਵਾਨਾਂ ਵਲੋਂ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ, ਹਰ ਘਟਨਾ ਸਮਾਚਾਰ ਨਹੀਂ, ਸਿਰਫ ਉਹੀ ਘਟਨਾ ਸਮਾਚਾਰ ਬਣ ਸਕਦੀ ਹੈ ਜਿਸਦਾ ਕੋਈ ਜਨਤਕ ਹਿੱਤ ਹੋਵੇ। ਖ਼ਬਰ ਤਤਕਾਲੀ ਘਟਨਾ, ਤੱਥਾਂ ਅਤੇ ਵਿਚਾਰਾਂ ਦਾ ਲੇਖਾ ਜੋਖਾ ਹੈ (ਵਿਲਿਅਮ ਰੀਵਰਜ਼)। ਜੋ ਨਵਾਂ ਹੈ ਉਹ ਖ਼ਬਰ ਹੈ। ਇਕ ਸਿਧਾਂਤ ਅਨੁਸਾਰ ਅੰਗਰੇਜ਼ੀ ਦਾ ਸ਼ਬਦ ਨਿਊਜ਼ (News) ਜਿਸਦਾ ਅਰਥ ਖ਼ਬਰ ਹੈ ਨਵਾਂ, ਯਾਨੀ ਦਾ ਬਹੁਵਾਚੀ (Plural) ਹੈ।

'ਨਵਨਿਤਾ' ਦਾ ਖ਼ਬਰਾਂ ਵਿੱਚ ਸਭ ਤੋਂ ਵੱਧ ਮਹੱਤਵ ਹੈ, ਖ਼ਬਰਾਂ ਦੀਆਂ ਤਕਰੀਬਨ ਸਾਰੀਆਂ ਪਰਿਭਾਸ਼ਾਵਾਂ ਦਾ ਆਧਾਰ ਤਕਰੀਬਨ ਨਵੀਨਤਾ, ਤਤਕਾਲਤਾ, ਮਹੱਤਤਾ ਅਤੇ ਲੋਕ ਰੁਚੀ ਹੈ। ਇਨ੍ਹਾਂ ਤੱਤਾਂ ਨੂੰ ਧਿਆਨ ਵਿਚ ਰੱਖਕੇ ਹੀ ਖ਼ਬਰ ਤਿਆਰ ਕੀਤੀ ਜਾਂਦੀ ਹੈ। ਖ਼ਬਰ ਲੇਖਨ ਬਾਰੇ ਵਿਚਾਰ ਕਰਨ ਸਮੇਂ ਸਭ ਤੋਂ ਪਹਿਲਾਂ ਕਿਸੇ ਵੀ ਖ਼ਬਰ ਨੂੰ ਛੇ ਨੁਕਤਿਆਂ ਤੋਂ ਦੇਖਿਆ ਜਾਣਾ ਚਾਹੀਦਾ ਹੈ: ਕੀ, ਕਦੋਂ, ਕਿਉਂ, ਕਿੱਥੇ, ਕਿਵੇਂ ਅਤੇ ਕਿੰਨੇ। ਹਰ ਖ਼ਬਰ ਨੂੰ ਇਸੇ ਆਧਾਰ 'ਤੇ ਦੇਖਿਆ ਅਤੇ ਲਿਖਿਆ ਜਾਣਾ ਚਾਹੀਦਾ ਹੈ। ਅਖ਼ਬਾਰ ਦੇ ਆਮਤੌਰ 'ਤੇ ਇਕ ਪੇਜ ਉੱਤੇ ਫੋਟੋਆਂ ਨੂੰ ਛੱਡ ਕੇ ਤਕਰੀਬਨ ਪੰਜ ਹਜ਼ਾਰ ਸ਼ਬਦ ਹੁੰਦੇ ਹਨ। ਸੋ ਸਪੱਸ਼ਟ ਹੈ ਕਿ ਅਖ਼ਬਾਰਾਂ ਵਿਚ ਖ਼ਬਰਾਂ ਵੀ ਬਹੁਤ ਹੀ ਸੀਮਤ ਸ਼ਬਦਾਂ ਵਿਚ ਲਿਖੀਆਂ ਜਾਂਦੀਆਂ ਹਨ। ਕਿਸੇ ਵੀ ਖ਼ਬਰ ਵਿਚ ਵਿਸ਼ੇਸ਼ ਤੌਰ 'ਤੇ ਹੇਠ ਲਿਖੇ ਪੱਖਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ:

**ਖ਼ਬਰਾਂ ਵਿਚ ਇੰਟਰੋ:** ਇੰਟਰੋ ਅੰਗ੍ਰੇਜ਼ੀ ਦੇ ਇੰਟ੍ਰੋਡਕਸ਼ਨ ਦਾ ਸੰਖੇਪ ਰੂਪ ਹੈ। ਇੰਟਰੋ ਖ਼ਬਰ ਦੇ ਅਰੰਭ ਵਿਚ ਹੁੰਦਾ ਹੈ। ਇੰਟਰੋ ਨੂੰ ਸੰਪੂਰਣ ਸਮਾਚਾਰ ਦਾ ਸਾਰ ਅਤੇ ਪ੍ਰਾਣ ਕਿਹਾ ਜਾਂਦਾ ਹੈ। ਇੰਟਰੋ ਵਿਚ ਖ਼ਬਰ ਦੇ ਤੱਥਾਂ ਨੂੰ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਕਿ ਉਸਨੂੰ ਪੜ੍ਹਦਿਆਂ ਹੀ ਪਾਠਕ ਨੂੰ ਅੱਗੇ ਖ਼ਬਰ ਬਾਰੇ ਜਾਨਣ ਦੀ ਉਤਸੁਕਤਾ ਵੱਧ ਜਾਂਦੀ ਹੈ ਅਤੇ ਉਹ ਅਗਲੀਆਂ ਪੰਕਤੀਆਂ ਵਿਚ ਵਿਸਤਾਰ ਨਾਲ ਖ਼ਬਰ ਪੜ੍ਹਨ ਲਗਦਾ ਹੈ। ਇੰਟਰੋ ਵਿਚ ਜ਼ਿਆਦਾਤਰ ਅਖ਼ਬਾਰ ਦੀ ਸ਼ੁਰੂਆਤ ਉਥੋਂ ਕੀਤੀ ਜਾਂਦੀ ਹੈ ਜਿੱਥੋਂ ਖ਼ਬਰ ਖ਼ਤਮ ਹੋਣੀ ਚਾਹੀਦੀ ਹੈ। ਭਾਵ ਸੂਚਨਾ ਦੀ ਚਰਮ ਸੀਮਾ ਨੂੰ ਇੰਟਰੋ ਵਿਚ ਲਿਖਿਆ ਜਾਂਦਾ ਹੈ। ਜੇ ਕੋਈ ਨਵੀਂ ਖ਼ਬਰ ਹੈ ਤਾਂ ਉਸਨੂੰ ਵੀ ਇੰਟਰੋ ਵਿਚ ਲਿਖ ਦਿੱਤਾ ਜਾਂਦਾ ਹੈ। ਇਸ ਲਈ ਇੰਟਰੋ ਖ਼ਬਰਾਂ ਦਾ ਸਭ ਤੋਂ ਮਹੱਤਵਪੂਰਨ ਪੱਖ ਹੁੰਦਾ ਹੈ। ਇੰਟਰੋ ਕਿੰਨਾਂ ਵੱਡਾ ਹੋਵੇ ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਖ਼ਬਰ ਕਿੰਨੀ ਵੱਡੀ ਹੈ। ਜੇ ਖ਼ਬਰ ਇਕ ਕਾਲਮ ਦੀ ਹੈ ਤਾਂ ਇੰਟਰੋ ਤਿੰਨ ਚਾਰ ਲਾਈਨਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ, ਅਗਰ ਖ਼ਬਰ ਦੋ ਕਾਲਮ ਦੀ ਹੈ ਤਾਂ ਇੰਟਰੋ ਵੱਡਾ ਲਿਖਿਆ ਜਾ ਸਕਦਾ ਹੈ।

**ਖ਼ਬਰ ਦੀ ਪੇਸ਼ਕਾਰੀ:** ਇੰਟਰੋ ਦੇ ਇਲਾਵਾ ਖ਼ਬਰ ਇਸ ਤਰ੍ਹਾਂ ਲਿਖੀ ਜਾਣੀ ਚਾਹੀਦੀ ਹੈ ਕਿ ਕੀ, ਕਦੋਂ, ਕਿੱਥੇ, ਕਿਉਂ, ਕੌਣ, ਕਿਵੇਂ ਦੇ ਆਧਾਰ 'ਤੇ ਪੜ੍ਹਨ ਵਾਲੇ ਦੀ ਜਗਿਆਸਾ ਸ਼ਾਂਤ ਹੋ ਸਕੇ। ਇਕ ਤਰੀਕਾ ਤਾਂ ਇਹ ਹੁੰਦਾ ਹੈ ਕਿ ਤੱਥਾਂ ਦੇ ਹਿਸਾਬ ਨਾਲ ਜ਼ਿਆਦਾ ਮਹੱਤਵ ਵਾਲੇ ਤੱਥਾਂ ਨੂੰ ਪਹਿਲੇ ਲਿਖ ਦਿੱਤਾ ਜਾਵੇ ਅਤੇ ਬਾਅਦ ਵਿਚ ਘੱਟ ਮਹੱਤਵ ਵਾਲੇ ਤੱਥਾਂ ਨੂੰ ਲਿਖਿਆ ਜਾਵੇ। ਅਜਿਹੀਆਂ ਖ਼ਬਰਾਂ ਲਿਖਣ ਦੀ ਵਿਧੀ ਨੂੰ ਉਲਟੀ ਤਿਕੋਣ ਵਿਧੀ ਕਿਹਾ ਜਾਂਦਾ ਹੈ। ਅਜਕਲ੍ਹ ਇਸੇ ਤਕਨੀਕ ਨਾਲ ਵਧੇਰੇ ਖ਼ਬਰਾਂ ਤਿਆਰ ਕੀਤੀਆਂ ਜਾਂਦੀਆਂ ਹਨ ਕਿਉਂਕਿ ਇਸ ਤਰ੍ਹਾਂ ਘੱਟ ਸ਼ਬਦਾਂ ਵਿਚ ਹੀ ਮਹੱਤਵਪੂਰਨ ਖ਼ਬਰ ਬਾਰੇ ਦੱਸਿਆ ਜਾ ਸਕਦਾ ਹੈ। ਜਦੋਂ ਤੋਂ ਸੋਸ਼ਲ ਮੀਡੀਆ 'ਤੇ ਖ਼ਬਰਾਂ ਦਾ ਦੌਰ ਸ਼ੁਰੂ ਹੋਇਆ ਹੈ ਪਾਠਕ/ਸਰੋਤੇ ਘੱਟ ਤੋਂ ਘੱਟ ਸ਼ਬਦਾਂ ਵਿਚ ਜ਼ਿਆਦਾ ਤੋਂ ਜ਼ਿਆਦਾ ਖ਼ਬਰਾਂ ਬਾਰੇ ਜਾਨਣਾ ਚਾਹੁੰਦੇ ਹਨ, ਇਸ ਲਈ ਅਖ਼ਬਾਰਾਂ ਵਿਚ ਇਕ ਸਫ਼ੇ 'ਤੇ ਜ਼ਿਆਦਾ ਤੋਂ ਜ਼ਿਆਦਾ ਖ਼ਬਰਾਂ ਲਿਖਣ ਦਾ ਜ਼ੋਰ ਰਹਿੰਦਾ ਹੈ। ਇਸ ਲਈ ਖ਼ਬਰਾਂ ਦੀ ਪੇਸ਼ਕਾਰੀ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਕੋਈ ਮਹੱਤਵਪੂਰਨ ਪੱਖ ਛੁੱਟੇ ਵੀ ਨਾ ਅਤੇ ਘੱਟ ਸ਼ਬਦਾਂ ਵਿਚ ਸਾਰੇ ਤੱਥ ਵੀ ਆ ਜਾਣ।

**ਸਿਰਲੇਖ:** ਖ਼ਬਰਾਂ ਵਿਚ ਸਿਰਲੇਖ ਦਾ ਬਹੁਤ ਮਹੱਤਵ ਹੁੰਦਾ ਹੈ। ਜਿਵੇਂ ਕਿ ਇੰਟਰੋ ਬਾਰੇ ਉਪਰ ਕਿਹਾ ਸੀ ਕਿ ਘੱਟ ਤੋਂ ਘੱਟ ਸ਼ਬਦਾਂ ਵਿਚ ਖ਼ਬਰ ਦਾ ਸਾਰ ਆ ਜਾਣਾ ਚਾਹੀਦਾ ਹੈ ਤਾਂ ਸਿਰਲੇਖ ਦੇ ਵਿਸ਼ੇ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿਰਲੇਖ ਅਜਿਹਾ ਹੋਣਾ ਚਾਹੀਦਾ ਹੈ ਕਿ ਉਸ ਵਿਚ ਖ਼ਬਰ ਦੇ ਸਭ ਤੋਂ ਮਹੱਤਵਪੂਰਨ ਪੱਖ ਦੀ ਝਲਕ ਮਿਲੇ। ਜਿੱਥੇ ਖ਼ਬਰ ਵਿਚ ਤੱਥਾਂ ਨੂੰ ਬਿਆਨ ਕੀਤਾ ਜਾਂਦਾ, ਉੱਥੇ ਸਿਰਲੇਖ ਕਿਸੇ ਵੀ ਖ਼ਬਰ ਦਾ ਰਚਨਾਤਮਕ ਪੱਖ ਹੁੰਦਾ ਹੈ। ਕਿਸੇ ਵੀ ਖ਼ਬਰ ਵਿਚ ਸਿਰਲੇਖ ਦਾ ਵੀ ਉਤਨਾ ਹੀ ਮਹੱਤਵ ਹੁੰਦਾ ਹੈ ਜਿੰਨਾ ਖ਼ਬਰ ਦਾ ਹੁੰਦਾ ਹੈ।

**ਸੰਧਰਭ ਸੰਕੇਤ:** ਸੰਧਰਭ ਸੰਕੇਤ ਤੋਂ ਭਾਵ ਹੈ ਕਿ ਜੇ ਕੋਈ ਖ਼ਬਰ ਪਹਿਲਾਂ ਤੋਂ ਚਲਦੀ ਆ ਰਹੀ ਹੈ ਤਾਂ ਉਸ ਬਾਰੇ ਇੰਟਰੋ ਦੇ ਇਕਦਮ ਬਾਅਦ ਸੰਕੇਤ ਮਿਲਣੇ ਚਾਹੀਦੇ ਹਨ, ਜਿਸ ਨਾਲ ਇਹ ਪਤਾ ਲਗ ਸਕੇ ਕਿ ਇਸ ਖ਼ਬਰ ਵਿਚ ਪਹਿਲੇ ਕੀ ਹੋ ਚੁੱਕਿਆ ਹੈ। ਇਸ ਤਰ੍ਹਾਂ ਪਿਛਲੀ ਖ਼ਬਰ ਬਾਰੇ ਲਿਖ ਦੇਣ ਨਾਲ ਪਾਠਕਾਂ ਨੂੰ ਖ਼ਬਰਾਂ ਦਾ ਸੰਧਰਭ ਸਮਝ ਆ ਜਾਂਦਾ ਹੈ ਅਤੇ ਉਹ ਉਸ ਖ਼ਬਰ ਨੂੰ ਸਮਝ ਜਾਂਦਾ ਹੈ।

**ਮਿਤੀ/ਤਾਰੀਖ਼ ਦਾ ਸੰਕੇਤ:** ਮਿਤੀ ਦਾ ਸੰਕਤੇ ਆਮ ਤਰੌ ਤੇ ਖ਼ਬਰ ਦੇ ਅਰੰਭ ਵਿਚ ਹੀ ਕੀਤਾ ਜਾਂਦਾ ਹੈ। ਮਿਤੀ ਰੇਖਾ ਭਾਵ ਖ਼ਬਰ ਕਿਸ ਦਿਨ ਦੀ ਹੈ, ਆਮ ਤੌਰ 'ਤੇ ਅਖ਼ਬਾਰਾਂ ਵਿਚ ਛਪਣ ਵਾਲੀ ਖ਼ਬਰ ਇਕ ਦਿਨ ਪੁਰਾਣੀ ਹੁੰਦੀ ਹੈ। ਜੇ ਅਖ਼ਬਾਰ *21* ਮਾਰਚ ਦੀ ਹੈ ਤਾਂ ਉਸ ਵਿਚ ਛਪੀ ਖ਼ਬਰ *20* ਮਾਰਚ ਦੀ ਹੋਵੇਗੀ। ਕੁਝ ਖ਼ਬਰਾਂ ਦਾ ਦੇਰ ਨਾਲ ਪਤਾ ਲਗਦਾ ਹੈ ਤਾਂ ਮਿਤੀ ਰੇਖਾ ਦੇਖ ਕੇ ਇਹ ਦੱਸ ਦਿੱਤਾ ਜਾਂਦਾ ਹੈ ਕਿ ਵੈਸੇ ਤਾਂ ਇਹ ਖ਼ਬਰ ਦੋ ਦਿਨ ਪੁਰਾਣੀ ਹੈ, ਪਰ ਉਸ ਬਾਰੇ ਪਤਾ ਅੱਜ ਲੱਗਾ ਹੈ।

**ਖ਼ਬਰ ਵਿਚ ਸਥਾਨ ਦਾ ਸੰਕੇਤ:** ਮਿਤੀ ਦੀ ਤਰ੍ਹਾਂ ਹੀ ਖ਼ਬਰ ਵਿਚ ਇਸ ਗੱਲ ਦਾ ਸੰਕੇਤ ਜ਼ਰੂਰ ਹੁੰਦਾ ਹੈ ਕਿ ਖ਼ਬਰ ਕਿਸ ਜਗ੍ਹਾ ਦੀ ਹੈ। ਆਮ ਤੌਰ 'ਤੇ ਖ਼ਬਰ ਇਸ ਤਰ੍ਹਾਂ ਲਿਖੀ ਜਾਂਦੀ

ਹੈ- ਦਿੱਲੀ, *21* ਦਸੰਬਰ। ਕਿਧਰੇ ਕਿਧਰੇ ਮਿਤੀ ਅੱਗੇ ਅਤੇ ਸਥਾਨ ਪਿੱਛੇ ਲਿਖਿਆ ਜਾਂਦਾ ਹੈ। ਜਗ੍ਹਾ/ਸਥਾਨ ਤੋਂ ਇਹ ਪਤਾ ਲਗ ਜਾਂਦਾ ਹੈ ਕਿ ਖ਼ਬਰ ਕਿਹੜੀ ਜਗ੍ਹਾ ਦੀ ਹੈ।

**ਬਾਈਲਾਈਨ:** ਖ਼ਬਰ ਬਾਰੇ ਵਿਸ਼ਵਾਸ ਦਾ ਸਿੱਧਾ ਸੰਬੰਧ ਇਸ ਗੱਲ ਉੱਤੇ ਹੁੰਦਾ ਹੈ ਕਿ ਖ਼ਬਰ ਲਿਖਣ ਵਾਲਾ ਰਿਪੋਰਟਰ ਜਾਂ ਪੱਤਰਕਾਰ ਕੌਣ ਹੈ, ਜਾਂ ਖ਼ਬਰ ਕਿਹੜੀ ਏਜੰਸੀ ਦੇ ਮਾਧਿਅਮ ਤੋਂ ਆਈ ਹੈ। ਪੱਤਰਕਾਰ ਆਪਣੀਆਂ ਖ਼ਬਰਾਂ ਦੇ ਜ਼ਰੀਏ ਪਾਠਕਾਂ ਨਾਲ ਇਕ ਸੰਬੰਧ ਕਾਇਮ ਕਰ ਲੈਂਦੇ ਹਨ, ਇਸ ਲਈ ਪਾਠਕ ਜਦੋਂ ਕੋਈ ਖ਼ਬਰ ਪੜ੍ਹਨ ਲੱਗਦਾ ਹੈ ਤਾਂ ਉਸਦੀ ਨਜ਼ਰ ਰਿਪੋਰਟਰ ਦੇ ਨਾਮ ਉੱਤੇ ਜਾਂਦੀ ਹੈ। ਜੇ ਨਾਮ ਜਾਣਿਆ ਪਛਾਣਿਆ ਹੈ ਅਤੇ ਉਸਦੀ ਰਿਪੋਰਟ ਪਹਿਲਾਂ ਵੀ ਪਸੰਦ ਕੀਤੀ ਜਾ ਚੁੱਕੀ ਹੈ ਤਾਂ ਉਹ ਉਸ ਤੋਂ ਕਾਫ਼ੀ ਪ੍ਰਭਾਵਿਤ ਹੁੰਦਾ ਹੈ। ਪਾਠਕਾਂ ਦਾ ਵਿਸ਼ਵਾਸ ਹਾਸਲ ਕਰ ਲੈਂਦਾ ਹੈ। ਬਾਈਲਾਈਨ ਪੱਤਰਕਾਰ ਨੂੰ ਪਾਠਕ ਨਾਲ ਜੋੜਨ ਦਾ ਕੰਮ ਕਰਦਾ ਹੈ ।

ਖ਼ਬਰ ਦਾ ਮੰਤਵ ਆਮ ਤੌਰ 'ਤੇ ਪਾਠਕਾਂ ਨੂੰ ਸੂਚਨਾ ਦੇਣਾ, ਗਿਆਨ ਵਧਾਉਣਾ ਅਤੇ ਮੌਜੂਦਾ ਜਾਂ ਆਉਣ ਵਾਲੇ ਖਤਰੇ ਤੋਂ ਸੁਚੇਤ ਕਰਨਾ ਹੁੰਦਾ ਹੈ। ਖ਼ਬਰ ਲਿਖਣ ਲਈ ਇਕ ਸਮਾਂ ਨਿਸ਼ਚਿਤ ਹੁੰਦਾ ਹੈ। ਸ਼ੁਰੂਆਤੀ ਦੌਰ 'ਚ ਖ਼ਬਰ ਲਿਖਣ ਲਈ ਕੋਈ ਨਿਸ਼ਚਿਤ ਵਿਧੀ ਤੈਅ ਨਹੀਂ ਸੀ। ਇਹ ਤਾਂ ਹੌਲੀ-ਹੌਲੀ ਜ਼ਰੂਰਤ ਅਤੇ ਮੰਤਵ ਤੇ ਸਿਧਾਂਤਾਂ ਦੇ ਆਧਾਰ 'ਤੇ ਆਪਣੇ ਆਪ ਬਣਦੀ ਅਤੇ ਨਿਖਰਦੀ ਰਹੀ। ਖ਼ਬਰਾਂ ਲਿਖਣ ਸਮੇਂ ਉਸ ਵੇਲੇ ਦੇ ਪੱਤਰਕਾਰਾਂ ਨੂੰ "ਲੀਡ" ਦੇ ਮਹੱਤਵ ਬਾਰੇ ਕੋਈ ਜਾਣਕਾਰੀ ਨਹੀਂ ਸੀ ਅਤੇ ਨਾ ਹੀ ਅਜੋਕੀ ਖ਼ਬਰ ਬਣਤਰ (News Structures) ਬਾਰੇ ਕੋਈ ਗਿਆਨ ਨਹੀਂ ਸੀ। ਉਸ ਵੇਲੇ ਤਾਂ ਪਾਠਕਾਂ ਤਕ ਸੂਚਨਾ ਪਹੁੰਚਾਉਣਾ ਹੀ ਖਾਸ ਮੰਤਵ ਸੀ ਉਹ ਭਾਵੇਂ ਕਿਸੇ ਵੀ ਵਿਧੀ ਨਾਲ ਖ਼ਬਰ ਦੇ ਰੂਪ ਵਿਚ ਛਾਪੀਆਂ ਗਈਆਂ ਹੋਣ।

ਪਹਿਲਾਂ ਪਹਿਲ ਖ਼ਬਰਾਂ ਲਿਖਣ ਦਾ ਢੰਗ ਅੱਜ ਨਾਲੋਂ ਬਿਲਕੁਲ ਵੱਖਰਾ ਸੀ। ਉਸ ਸਮੇਂ ਪੱਤਰਕਾਰ ਕਿਸੇ ਵੀ ਘਟਨਾ ਨੂੰ ਸ਼ੁਰੂ ਤੋਂ ਅਖ਼ੀਰ ਤਕ, ਬਿਨਾਂ ਕੋਈ ਸਾਧਾਰਣ ਜਾਂ ਅਸਾਧਾਰਣ ਤੱਤ ਛੱਡਿਆਂ ਪੇਸ਼ ਕਰਦੇ ਸਨ। ਖ਼ਬਰ ਲੰਮੇ ਵਾਕਾਂ, ਕਠਿਨ ਸ਼ਬਦਾਂ ਅਤੇ ਸਜੀ ਸ਼ੈਲੀ ਨਾਲ ਭਰਪੂਰ ਹੁੰਦੀ ਸੀ। ਅਜਕਲ੍ਹ ਦੇ ਮਹੱਤਵਪੂਰਨ ਮੰਨੇ ਜਾਣ ਵਾਲੇ ਪਹਿਲੇ ਸਫ਼ਿਆਂ ਵਿਚ ਉਸ ਸਮੇਂ ਜ਼ਿਆਦਾਤਰ ਇਸ਼ਤਿਹਾਰ ਛਪੇ ਹੁੰਦੇ ਸਨ ਅਤੇ ਖ਼ਬਰਾਂ ਅੰਦਰਲੇ ਸਫ਼ਿਆਂ 'ਤੇ ਹੁੰਦੀਆਂ ਸਨ। ਪ੍ਰਿੰਟਿੰਗ ਨਵੀਂ-ਨਵੀਂ ਸ਼ੁਰੂ ਹੋਣ ਕਰਕੇ, ਅਖ਼ਬਾਰ ਬਹੁਤ ਘੱਟ ਗਿਣਤੀ ਵਿਚ ਛੱਪਦੇ ਸਨ, ਗਿਣਤੀ ਮਸਾਂ ਸੈਂਕੜਿਆਂ 'ਚ ਹੀ ਹੁੰਦੀ ਸੀ, ਜਿੰਨੀ ਵੀ ਹੁੰਦੀ ਹੱਥੋ-ਹੱਥ ਵਿਕ ਵੀ ਜਾਂਦੀ ਸੀ। ਉਸ ਸਮੇਂ 'ਅਖ਼ਬਾਰ' ਪਾਠਕਾਂ ਲਈ ਨਵੀਂ ਚੀਜ਼ ਸੀ, ਆਮ ਨਹੀਂ ਸਨ ਮਿਲਦੇ ਅਤੇ ਪਾਠਕ ਲਈ ਚੋਣ ਕਰਨਾ ਵੀ ਸੰਭਵ ਨਹੀਂ ਸੀ। ਸੋ ਜਿਹੜਾ ਅਖ਼ਬਾਰ ਮਿਲਦਾ ਪਾਠਕ ਪੜ੍ਹ ਲੈਂਦੇ ਸਨ। ਅਜਿਹੇ ਹਾਲਾਤਾਂ ਵਿਚ ਪੱਤਰਕਾਰਾਂ ਦਾ ਕੰਮ ਅਸਾਨ ਸੀ। ਉਹ ਜਿਹੜੀ ਵੀ ਖ਼ਬਰ ਲਿਖਦੇ ਪਾਠਕ ਮਿਲ ਜਾਂਦੇ ਸਨ। ਸੋ ਕਈ ਸਾਲਾਂ ਤਕ ਇਸੇ ਤਰ੍ਹਾਂ ਚਲਦਾ ਰਿਹਾ। ਖ਼ਬਰ ਲਿਖਣ ਦੇ ਢੰਗ, ਪੇਸ਼ ਕਰਨ ਦੇ ਢੰਗ ਅਤੇ ਪਾਠਕ ਦੀ ਰੁਚੀ ਵੱਲ ਨਾ ਧਿਆਨ ਹੀ ਗਿਆ ਤੇ ਨਾ ਜ਼ਰੂਰਤ ਹੀ ਪਈ।

ਸਮੇਂ ਦੇ ਬਦਲਣ ਨਾਲ ਪਰਿਵਰਤਨ ਆਉਣੇ ਸ਼ੁਰੂ ਹੋ ਗਏ। ਪਾਠਕ ਵਿਚ ਪਰਿਵਰਤਨ ਸਭ ਤੋਂ ਪਹਿਲਾਂ ਆਏ। ਪੜ੍ਹਾਈ ਲਿਖਾਈ ਨਾਲ ਲੋਕਾਂ ਦੀ ਸੋਚ ਸਮਝ ਵਿਚ ਨਿਖਾਰ, ਪਰਿਪੱਖਤਾ ਆਈ। ਉਨ੍ਹਾਂ ਨੂੰ ਘਟੀਆ ਅਤੇ ਵਧੀਆ ਖ਼ਬਰ 'ਚ ਅੰਤਰ ਸਮਝ ਆਉਣ ਲੱਗਿਆ। ਤਕਨੀਕੀ ਵਿਕਾਸ ਕਾਰਣ ਛਪਾਈ ਦਾ ਕੰਮ ਅਸਾਨ ਹੋਣ ਕਾਰਣ ਹੋਰ ਨਵੇਂ ਅਖ਼ਬਾਰ ਛਪਣੇ ਸ਼ੁਰੂ ਹੋ ਗਏ, ਗਿਣਤੀ ਅਤੇ ਮਿਣਤੀ ਦੋਹਾਂ 'ਚ ਵਾਧਾ ਹੋਇਆ। ਪਾਠਕਾਂ ਨੂੰ ਅਖ਼ਬਾਰਾਂ ਆਪਣੀ ਪਸੰਦ ਨਾਲ ਚੁਣਨ ਨੂੰ ਮਿਲਣ ਲਗ ਪਈਆਂ। ਪਾਠਕ ਨੂੰ ਇਕ ਅਖ਼ਬਾਰ ਚੰਗੀ ਨਹੀਂ ਲਗਦੀ ਤਾਂ ਉਹ ਦੂਜੀ ਲੈ ਸਕਦਾ ਸੀ। ਨਤੀਜੇ ਵਜੋਂ ਪੱਤਰਕਾਰਾਂ ਵਿਚ ਆਪਣੀ ਅਖ਼ਬਾਰ ਨੂੰ ਵਧੀਆ ਰੱਖਣ ਲਈ ਦੌੜ ਸ਼ੁਰੂ ਹੋ ਗਈ। ਉਨ੍ਹਾਂ ਦਾ ਧਿਆਨ ਖ਼ਬਰਾਂ ਨੂੰ ਲਿਖਣ ਅਤੇ ਪੇਸ਼ ਕਰਨ ਵੱਲ ਜਾਣ ਲੱਗ ਪਿਆ। ਇਸੇ ਕੋਸ਼ਿਸ਼ ਨੇ ਦਿਨ-ਬ-ਦਿਨ ਤਰੱਕੀ ਕੀਤੀ ਅਤੇ ਅਸੀਂ ਅਜੋਕੇ, ਬਹੁਤ ਅਧਿਕ ਤਕਨੀਕੀ ਸਮੇਂ ਵਿਚ ਪਹੁੰਚ ਗਏ ਹਾਂ।

ਇਨ੍ਹਾਂ ਸਾਰੇ ਵਿਚਾਰਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਖ਼ਬਰਾਂ ਅਖ਼ਬਾਰਾਂ ਦਾ ਮੂਲ ਤੱਤ ਹਨ ਅਤੇ ਕਿਸੇ ਵੀ ਅਖ਼ਬਾਰ ਦੀ ਸਫ਼ਲਤਾ ਉਸਦੀਆਂ ਕਾਮਯਾਬ ਖ਼ਬਰਾਂ ਉੱਤੇ ਨਿਰਭਰ ਕਰਦੀ ਹੈ। ਸਾਰੇ ਪੱਤਰਕਾਰਾਂ ਨੇ ਖ਼ਬਰਾਂ ਲਿਖਣ ਦੇ ਢੰਗ ਨੂੰ ਤਕਰੀਬਨ ਇਕੋ ਜਿਹਾ ਮੰਨਿਆ ਹੈ ਅਤੇ ਅਪਨਾਇਆ ਵੀ ਹੈ। ਖ਼ਬਰਾਂ ਬਹੁਤ ਜਲਦੀ ਵਿਚ ਲਿਖੀਆਂ ਅਤੇ ਪੜ੍ਹੀਆਂ

ਜਾਂਦੀਆਂ ਹਨ। ਖ਼ਬਰਾਂ ਲਿਖਣ ਦਾ ਤਰੀਕਾ ਬਹੁਤ ਹੱਦ ਤਕ ਇਸ ਸਿਧਾਂਤ ਉੱਤੇ ਹੀ ਨਿਰਭਰ ਹੈ। ਪੱਤਰਕਾਰ ਨੇ ਬਹੁਤ ਘੱਟ ਸਮੇਂ ਅਤੇ ਘੱਟ ਸ਼ਬਦਾਂ ਵਿਚ ਪਾਠਕਾਂ ਨੂੰ ਸਾਰੀਆਂ ਜ਼ਰੂਰੀ ਗੱਲਾਂ ਦੱਸਣੀਆਂ ਹੁੰਦੀਆਂ ਹਨ ਅਤੇ ਭਾਸ਼ਾ ਅਜਿਹੀ ਹੋਣੀ ਚਾਹੀਦੀ ਹੈ ਜੋ ਹਰ ਤਰ੍ਹਾਂ ਦੇ ਪਾਠਕ ਨੂੰ ਸਹਿਜੇ ਹੀ ਸਮਝ ਆ ਜਾਣ। ਇਸ ਸਾਰੇ ਵਿਚ ਸਭ ਤੋਂ ਮੁਸ਼ਕਲ ਘੱਟ ਸਮੇਂ ਵਿਚ ਘੱਟ ਲਫ਼ਜ਼ਾਂ ਵਿਚ ਆਪਣੀ ਗੱਲ ਨੂੰ ਇਸ ਤਰ੍ਹਾਂ ਬਿਆਨ ਕਰਨਾ ਹੈ ਕਿ ਉਸ ਵਿਚ ਸਾਰੇ ਜ਼ਰੂਰੀ ਅੰਸ਼ ਅਤੇ ਤੱਤ ਵੀ ਸ਼ਾਮਿਲ ਹੋਣ ਅਤੇ ਉਹ ਗੱਲ ਹਰ ਪਾਠਕ ਦੀ ਸਮਝ ਵਿਚ ਵੀ ਅਸਾਨੀ ਨਾਲ ਆ ਜਾਵੇ। ਖ਼ਬਰ ਨੂੰ ਲਿਖਣ ਵਾਲੇ ਰਿਪੋਰਟਰ ਤੋਂ ਲੈ ਕੇ ਖ਼ਬਰ ਸੰਪਾਦਨ ਕਰਣ ਵਾਲੇ ਉਪ-ਸੰਪਾਦਕ ਅਤੇ ਛਾਪਣ ਵਾਲੇ ਤਕ ਸਭ ਕੋਲ ਸਮੇਂ ਦੀ ਘਾਟ ਹੁੰਦੀ ਹੈ। ਜਿਸ ਕਰਕੇ ਖ਼ਬਰ ਲਿਖਣ ਲਈ ਕੁਝ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

**1. ਉਲਟੀ ਤਿਕੋਣ ਵਿਧੀ (Inverted Pyramid Style):** ਖ਼ਬਰਾਂ ਲਿਖਣ ਦਾ ਢੰਗ ਕਿਸੇ ਵੀ ਹੋਰ ਸਾਹਿਤਕ ਰਚਨਾ ਨਾਲੋਂ ਬਿਲਕੁਲ ਵੱਖਰਾ ਹੈ। ਪੱਤਰਕਾਰੀ ਵਿਚ ਪੱਤਰਕਾਰ ਸਭ ਤੋਂ ਪਹਿਲਾਂ ਸਭ ਤੋਂ ਜ਼ਰੂਰੀ ਗੱਲ ਲਿਖਦਾ ਹੈ ਭਾਵੇਂ ਉਹ ਖ਼ਬਰ ਦੇ ਅਖੀਰ ਵਿਚ ਵਾਪਰੀ ਹੋਵੇ। ਖ਼ਬਰ ਲਿਖਣ ਦੇ ਇਸ ਢੰਗ ਨੂੰ, ਜਿਸ ਵਿਚ ਪਾਠਕ ਪਹਿਲੇ ਪੈਰ੍ਹੇ ਵਿਚ ਖ਼ਬਰ ਦੇ ਸਮੁੱਚੇ ਤੱਤਾਂ ਤੋਂ ਜਾਣੂ ਹੋ ਜਾਂਦਾ ਹੈ, ਪੱਤਰਕਾਰੀ ਵਿਚ ਉਲਟੀ ਤਿਕੋਣ ਵਿਧੀ ਆਖਦੇ ਹਨ। ਖ਼ਬਰ ਲਿਖਣ ਦੇ ਇਸ ਤਰੀਕੇ ਦਾ ਸੰਬੰਧ ਤਾਰ ਨਾਲ ਹੈ। ਅਰੰਭਲੇ ਦਿਨਾਂ ਵਿਚ ਖ਼ਬਰਾਂ ਤਾਰ ਰਾਹੀਂ ਭੇਜੀਆਂ ਜਾਂਦੀਆਂ ਸਨ ਅਤੇ ਪੱਤਰਕਾਰ ਨੂੰ ਹਮੇਸ਼ਾਂ ਡਰ ਰਹਿੰਦਾ ਸੀ ਕਿ ਕਿਧਰੇ ਕੋਈ ਲਾਈਨ ਨਾ ਕੱਟੀ ਜਾਵੇ ਤੇ ਅਧੂਰੀ ਖ਼ਬਰ ਹੀ ਦਫ਼ਤਰ ਪਹੁੰਚੇ। ਇਸੇ ਡਰ ਤੋਂ ਉਹਨਾਂ ਨੇ ਖ਼ਬਰਾਂ ਨੂੰ ਉਲਟੇ ਤਰੀਕੇ ਨਾਲ ਭੇਜਣਾ ਸ਼ੁਰੂ ਦਰ ਦਿੱਤਾ ਅਤੇ ਉਹ ਸਭ ਤੋਂ ਪਹਿਲਾਂ ਸਭ ਤੋਂ ਜ਼ਰੂਰੀ ਖ਼ਬਰ ਹੀ ਤਾਰ ਦੁਆਰਾ ਭੇਜਦੇ ਸਨ ਤਾਂ ਕਿ ਜੇਕਰ ਅਖ਼ੀਰ 'ਚ ਕੋਈ ਲਾਈਨ ਕਟ ਵੀ ਜਾਵੇ ਤਾਂ ਉਨ੍ਹਾਂ ਦੀ ਇਹ ਜ਼ਰੂਰੀ ਖ਼ਬਰ ਸਮੇਂ ਸਿਰ ਛਪ ਜਾਏ। ਖ਼ਬਰ ਲਿਖਣ ਦਾ ਇਹ ਤਰੀਕਾ ਹੌਲੀ-ਹੌਲੀ ਬਹੁਤ ਲੋਕ-ਪ੍ਰਿਯ ਹੋਣ ਲੱਗਾ। ਅਖ਼ਬਾਰਾਂ ਵਿਚ ਇਸ ਤਰੀਕੇ ਦੀ ਉਪਯੋਗਤਾ ਮੰਨੀ ਜਾਣ ਲਗ ਪਈ ਅਤੇ ਕੁਝ ਸਮੇਂ ਵਿਚ ਤਕਰੀਬਨ ਸਾਰੀਆਂ ਖ਼ਬਰਾਂ ਲਿਖਣ ਲਈ ਇਹੋ ਤਰੀਕਾ ਅਪਨਾਇਆ ਜਾਣ ਲਗ ਪਿਆ।

ਖ਼ਬਰਾਂ ਲਿਖਣ ਦੀ ਇਸ ਵਿਧੀ ਵਿਚ ਤੱਥਾਂ ਦੀ ਚੋਣ ਦਾ ਬਹੁਤ ਮਹੱਤਵ ਹੈ। ਪੱਤਰਕਾਰ ਦੇ ਸਾਹਮਣੇ ਮੌਜੂਦ ਬਹੁਤ ਸਾਰੇ ਤੱਥਾਂ ਵਿਚੋਂ ਉਸਨੂੰ ਜਲਦੀ ਵਿਚ ਫੈਸਲਾ ਕਰਨਾ ਪੈਂਦਾ ਹੈ ਕਿ ਕਿਸ ਤੱਥ ਨੂੰ ਪਹਿਲਾਂ ਲਿਖੇ ਤੇ ਕਿਸ ਨੂੰ ਬਾਅਦ ਵਿਚ। ਜਗ੍ਹਾ ਦੀ ਕਮੀ ਕਾਰਣ ਅਖ਼ਬਾਰਾਂ ਵਿਚ ਖ਼ਬਰ ਦੇ ਪਿਛਲੇ ਪੈਰ੍ਹਿਆਂ ਦਾ ਨਾ ਛੱਪ ਸਕਣਾ ਬਹੁਤ ਮਾਮੂਲੀ ਗੱਲ ਹੈ। ਇਸ ਲਈ ਪੱਤਰਕਾਰ ਨੂੰ ਹਮੇਸ਼ਾਂ ਇਸ ਗੱਲ ਦਾ ਧਿਆਨ ਰੱਖਣਾ ਪੈਂਦਾ ਹੈ ਕਿ ਪਿਛਲੇ ਪੈਰ੍ਹਿਆਂ ਵਿਚ ਕੋਈ ਅਜਿਹੀ ਗੱਲ ਨਾ ਲਿਖੀ ਜਾਏ ਜਿਸਦੇ ਨਾ ਛਪਣ ਨਾਲ ਉਸ ਖ਼ਬਰ ਨੂੰ ਕੋਈ ਫ਼ਰਕ ਪਵੇ। ਇਸ ਕਰਕੇ ਇਸ ਤਰੀਕੇ ਵਿਚ ਖ਼ਬਰਾਂ ਦੇ ਵੱਖ ਵੱਖ ਤੱਤਾਂ ਦੀ ਯੋਜਨਾ ਦੀ ਮਹੱਤਤਾ ਵਧੇਰੇ ਹੈ। ਇਸ ਵਿਧੀ ਨਾਲ ਲਿਖੀਆਂ ਖ਼ਬਰਾਂ ਵਿਚ ਪਹਿਲੇ ਵਾਕ ਜਾਂ ਪੈਰ੍ਹੇ ਵਿਚ ਹੀ ਖ਼ਬਰ ਦਾ ਮੂਲ ਨਿਚੋੜ, ਸਪੱਸ਼ਟ ਹੋ ਜਾਂਦਾ ਹੈ ਅਤੇ ਇਸ ਤੋਂ ਬਾਅਦ ਹੌਲੀ ਹੌਲੀ ਅਗਲੇ ਪੈਰ੍ਹਿਆਂ ਵਿਚ ਤੱਥਾਂ ਦੀ ਮਹੱਤਤਾ ਘਟਦੀ ਜਾਂਦੀ ਹੈ ਅਤੇ ਅਖ਼ੀਰ ਵਿਚ ਅਜਿਹੇ ਤੱਥ ਹੁੰਦੇ ਹਨ ਜਿਨ੍ਹਾਂ ਦੇ ਛਪਣ ਜਾਂ ਨਾ ਛਪਣ ਨਾਲ ਖ਼ਬਰ ਨੂੰ ਕੋਈ ਫ਼ਰਕ ਨਹੀਂ ਪੈਂਦਾ। ਖ਼ਬਰ ਦੇ ਸਭ ਤੋਂ ਵੱਧ ਮਹੱਤਵਪੂਰਨ ਹਿੱਸੇ ਨੂੰ 'ਲੀਡ' ਕਹਿੰਦੇ ਹਨ, ਵਿਚਕਾਰਲੇ ਹਿੱਸੇ ਨੂੰ 'ਮਿਡਲ' ਜਾਂ ਬਾਡੀ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ 'ਲੀਡ' ਕਿਸੇ ਵੀ ਖ਼ਬਰ ਦੀ ਰੂਹ ਹੈ ਅਤੇ ਬਾਕੀ ਹਿੱਸਾ ਜਿਸਮ ਦੇ ਅੰਗ।

**2. ਕਾਲਕ੍ਰਮਿਕ ਵਿਧੀ/ਸਿੱਧੀ ਤਿਕੋਣ ਵਿਧੀ (Chronological Style):** ਕਾਲਕ੍ਰਮਿਕ ਵਿਧੀ, ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ, ਇਸ ਵਿਚ ਘਟਨਾ ਕਾਲ-ਅਨੁਕ੍ਰਮ ਅਨੁਸਾਰ ਖ਼ਬਰ ਤਿਆਰ ਕੀਤੀ ਜਾਂਦੀ ਹੈ। ਕਿਉਂਕਿ ਇਹ ਉਲਟੀ ਤਿਕੋਣ ਵਿਧੀ ਦੇ ਬਿਲਕੁਲ ਵਿਪਰੀਤ ਵਿਧੀ ਹੈ ਇਸ ਲਈ ਇਸਨੂੰ ਸਿੱਧੀ ਤਿਕੋਣ ਵਿਧੀ ਵੀ ਕਿਹਾ ਜਾਂਦਾ ਹੈ। ਇਸ ਢੰਗ ਨਾਲ ਲਿਖੀ ਗਈ ਖ਼ਬਰ ਵਿਚ ਸਾਰੀਆਂ ਘਟਨਾਵਾਂ ਕ੍ਰਮ ਅਨੁਸਾਰ ਵਾਰੀ-ਵਾਰੀ ਦਿੱਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਮਹੱਤਤਾ ਦੇ ਆਧਾਰ 'ਤੇ ਅੱਗੇ ਜਾਂ ਪਿਛੇ ਨਹੀਂ ਲਿਖਿਆ ਜਾਂਦਾ। ਪਰ ਇਸ ਢੰਗ ਵਿਚ ਪੱਤਰਕਾਰ ਨੂੰ ਪਾਠਕ ਦੀ ਰੁਚੀ ਅਨੁਸਾਰ ਖ਼ਬਰ ਦਾ ਅਰੰਭ ਦਿਲਚਸਪ ਬਣਾਉਣਾ

ਪੈਂਦਾ ਹੈ। ਇਸ ਤੋਂ ਇਲਾਵਾ ਅਜਿਹੀਆਂ ਲਿਖੀਆਂ ਖ਼ਬਰਾਂ ਵਿਚ ਪੱਤਰਕਾਰ ਲਈ ਪਾਠਕ ਨੂੰ ਇਹ ਮਹਿਸੂਸ ਕਰਵਾਉਣਾ ਵੀ ਜ਼ਰੂਰੀ ਹੁੰਦਾ ਹੈ ਕਿ ਖ਼ਬਰ ਦਾ ਸਭ ਤੋਂ ਦਿਲਚਸਪ ਭਾਗ ਖ਼ਬਰ ਦੇ ਅੰਤ ਵਿਚ ਹੋਵੇਗਾ। ਜੇ ਪੱਤਰਕਾਰ ਅਜਿਹਾ ਕਰਨ ਵਿਚ ਕਾਮਯਾਬ ਨਹੀਂ ਹੁੰਦਾ ਤਾਂ ਪਾਠਕਾਂ ਦੀ ਪੂਰੀ ਖ਼ਬਰ ਪੜ੍ਹਨ ਵਿਚ ਕੋਈ ਰੁਚੀ ਨਹੀਂ ਰਹੇਗੀ। ਇਸ ਵਿਧੀ ਵਿਚ ਲਿਖੀ ਗਈ ਖ਼ਬਰ ਨੂੰ ਅੱਧ ਵਿਚਕਾਰੋਂ ਜਾਂ ਸੰਪਾਦਕ ਆਪਣੀ ਮਰਜ਼ੀ ਨਾਲ ਛੋਟੀ ਵੱਡੀ ਨਹੀਂ ਕਰ ਸਕਦਾ। ਕਾਲਕ੍ਰਮਿਕ ਜਾਂ ਸਿੱਧੀ ਤਿਕੋਣ ਵਿਧੀ ਦੀ ਵਰਤੋਂ ਆਮ ਤੌਰ ਤੇ ਵਿਸ਼ੇਸ਼ ਲੇਖਾਂ ਵਿਚ ਹੁੰਦੀ ਹੈ।

**3. ਮਿਸ਼ਰਿਤ ਵਿਧੀ (Mixed Style):** ਮਿਸ਼ਰਿਤ ਵਿਧੀ 'ਚ ਲਿਖੀ ਗਈ ਖ਼ਬਰ ਉਲਟੀ ਤਿਕੋਣ ਵਿਧੀ ਅਤੇ ਕਾਲਕ੍ਰਮਿਕ ਵਿਧੀ ਨੂੰ ਮਿਲਾਕੇ ਲਿਖੀ ਜਾਂਦੀ ਹੈ। ਇਸ ਵਿਧੀ ਵਿਚ ਲਿਖੀ ਖ਼ਬਰ ਵਿਚ ਸਭ ਤੋਂ ਮਹੱਤਵਪੂਰਨ ਭਾਗ ਅਰੰਭ ਵਿਚ ਲਿਖਿਆ ਜਾਂਦਾ ਹੈ ਅਤੇ ਖ਼ਬਰ ਦੇ ਵਿਚਕਾਰਲੇ ਹਿੱਸੇ ਵਿਚ ਵੀ ਤਕਰੀਬਨ ਸਮਾਨ ਮਹੱਤਤਾ ਵਾਲੇ ਤੱਥਾਂ ਦਾ ਵਰਨਣ ਕੀਤਾ ਹੁੰਦਾ ਹੈ ਅਤੇ ਅੰਤ ਵਿਚ ਮਹੱਤਵ ਰਹਿਤ ਵਿਸਥਾਰ ਹੁੰਦਾ ਹੈ। ਇਸ ਤਰੀਕੇ ਨਾਲ ਲਿਖੀਆਂ ਖ਼ਬਰਾਂ ਉਹ ਹੁੰਦੀਆਂ ਹਨ ਜਿਨ੍ਹਾਂ ਵਿਚ ਬਹੁਤ ਸਾਰੇ ਤੱਥਾਂ ਦੀ ਮਹੱਤਤਾ ਇਕੋ ਜਿਹੀ ਹੁੰਦੀ ਹੈ। ਉਦਾਹਰਣ ਦੇ ਤੌਰ 'ਤੇ ਬਜਟ, ਚੋਣਾਂ ਆਦਿ ਦੀਆਂ ਖ਼ਬਰਾਂ ਵੇਖੀਆਂ ਜਾ ਸਕਦੀਆਂ ਹਨ। ਇੰਨ੍ਹਾਂ ਖ਼ਬਰਾਂ ਵਿਚ ਅਰੰਭ ਤੋਂ ਹੀ ਤੱਥ ਮਹੱਤਵਪੂਰਨ ਹੁੰਦੇ ਹਨ ਅਤੇ ਉਹਨਾਂ ਦੀ ਮਹੱਤਤਾ ਵਿਚਕਾਰਲੇ ਭਾਗ ਵਿਚ ਵੀ ਉਤਨੀ ਹੀ ਰਹਿੰਦੀ ਹੈ। ਅੰਤ ਜ਼ਰੂਰ ਥੋੜ੍ਹਾ ਘੱਟ ਮਹੱਤਵ ਵਾਲਾ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਵਿਆਖਿਆਤਮਕ ਖ਼ਬਰਾਂ ਵੀ ਜ਼ਿਆਦਾਤਰ ਇਸੇ ਵਿਧੀ ਵਿਚ ਹੀ ਲਿਖੀਆਂ ਜਾਂਦੀਆਂ ਹਨ। ਦੁਰਘਟਨਾਵਾਂ ਸੰਬੰਧੀ ਖ਼ਬਰਾਂ ਵਿਚ ਵੀ ਜਾਨੋ ਮਾਲ ਦਾ ਨੁਕਸਾਨ 'ਲੀਡ' ਵਿਚ ਦੇਣ ਤੋਂ ਬਾਅਦ ਬਾਕੀ ਖ਼ਬਰ ਨੂੰ ਘਟਨਾ ਕਾਲ-ਕ੍ਰਮ ਵਿਧੀ ਅਨੁਸਾਰ ਸ਼ਾਮਿਲ ਕੀਤਾ ਜਾਂਦਾ ਹੈ।

**4. ਵਿਆਖਿਆਤਮਕ ਵਿਧੀ (Interpretative Style):** ਰੋਜ਼ਾਨਾ ਛੱਪਣ ਵਾਲੀਆਂ ਖ਼ਬਰਾਂ ਜ਼ਿਆਦਾਤਰ ਉਪਰੋਕਤ ਵਿਧੀਆਂ ਨਾਲ ਹੀ ਲਿਖੀਆਂ ਜਾਂਦੀਆਂ ਹਨ, ਫਿਰ ਵੀ ਕੁਝ ਖ਼ਬਰਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਲਿਖਣ ਲਈ ਕੋਈ ਨਿਯਮ ਨਿਸ਼ਚਿਤ ਨਹੀਂ ਹੁੰਦਾ। ਇਨ੍ਹਾ ਖ਼ਬਰਾਂ ਵਿਚ ਪੱਤਰਕਾਰ ਸਿਰਫ਼ ਖ਼ਬਰ ਨੂੰ ਸਿੱਧੇ ਤਰੀਕੇ ਨਾਲ, ਉਸਦੇ ਮਹੱਤਵਪੂਰਨ ਤੱਤਾਂ ਅਨੁਸਾਰ ਹੀ ਪੇਸ਼ ਨਹੀਂ ਕਰਦਾ ਸਗੋਂ ਉਸ ਖ਼ਬਰ ਦਾ ਮੁਲੰਕਣ ਵੀ ਕਰਦਾ ਹੈ। ਪੱਤਰਕਾਰ ਉਸ ਵਿਸ਼ੇਸ਼ ਖ਼ਬਰ ਬਾਰੇ ਪਾਠਕਾਂ ਨੂੰ ਜ਼ਿਆਦਾ ਜਾਣਕਾਰੀ ਦਿੰਦਾ ਹੈ ਅਤੇ ਖ਼ਬਰ ਦਾ ਪਿਛੋਕੜ ਦੱਸ ਕੇ ਪਾਠਕਾਂ ਨੂੰ ਉਸ ਖ਼ਬਰ ਦੇ ਭਵਿਖ 'ਚ ਪੈਣ ਵਾਲੇ ਪ੍ਰਭਾਵਾਂ ਬਾਰੇ ਵੀ ਸੰਕੇਤ ਕਰਦਾ ਹੈ। ਅਜਕਲ੍ਹ ਦੀ ਗੁੰਝਲਦਾਰ ਜ਼ਿੰਦਗੀ ਦੀਆਂ ਸਮੱਸਿਆਵਾਂ ਵੀ ਪੇਚੀਦਾ ਤੇ ਗੁੰਝਲਦਾਰ ਹਨ ਜੋ ਕਿ ਸਾਧਾਰਣ ਮਨੁੱਖ ਨੂੰ ਸਮਝਣ ਵਿਚ ਅਸਾਨ ਨਹੀਂ ਹੁੰਦੀਆਂ। ਅਜਿਹੀਆਂ ਖ਼ਬਰ ਨੂੰ ਸਪਸ਼ਟ ਕਰਨ ਲਈ ਹੀ ਪੱਤਰਕਾਰ ਵਿਆਖਿਆਤਮਕ ਖ਼ਬਰਾਂ ਲਿਖਦੇ ਹਨ। ਅਜਿਹੀਆਂ ਖ਼ਬਰਾਂ ਲਿਖਣ ਸਮੇਂ ਪੱਤਰਕਾਰ ਨੂੰ ਕਿਸੇ ਵੀ ਘਟਨਾ ਜਾਂ ਸਮੱਸਿਆ ਬਾਰੇ ਸਮਝਾਉਣ ਲਈ ਜ਼ਿਆਦਾ ਖੁੱਲ੍ਹ ਹੁੰਦੀ ਹੈ ਅਤੇ ਉਹ ਇਨ੍ਹਾਂ ਖ਼ਬਰਾਂ ਵਿਚ ਵਾਧੂ ਤੱਥਾਂ ਦੀ ਵਰਤੋਂ ਵੀ ਕਰ ਸਕਦਾ ਹੈ। ਅਜਿਹੀਆਂ ਖ਼ਬਰਾਂ ਨੂੰ ਵਿਆਖਿਆਤਮਕ ਖ਼ਬਰਾਂ ਕਿਹਾ ਜਾਂਦਾ ਹੈ। ਰਿਪੋਰਟਰ ਅਜਿਹੀਆਂ ਖ਼ਬਰਾਂ ਨਾਲ ਜੁੜੀਆਂ ਘਟਨਾਵਾਂ ਦੀ ਛਾਣ-ਬੀਨ ਚੰਗੀ ਤਰ੍ਹਾਂ ਕਰਦਾ ਹੈ ਅਤੇ ਫੇਰ ਲੋੜ ਅਨੁਸਾਰ ਤੱਥਾਂ ਨੂੰ ਇਕ ਕਹਾਣੀ ਦੇ ਰੂਪ ਵਿਚ ਜੋੜਦਾ ਹੈ। ਇਹ ਖ਼ਬਰਾਂ ਬਹੁਤ ਦਿਲਚਸਪ ਹੁੰਦੀਆਂ ਹਨ ਇਸ ਲਈ ਪਾਠਕ ਇਨ੍ਹਾਂ ਨੂੰ ਸਮਾਂ ਕੱਢ ਕੇ ਵੀ ਪੂਰੀ ਪੜ੍ਹਨ ਦੀ ਕੋਸ਼ਿਸ਼ ਕਰਦਾ ਹੈ।

ਖ਼ਬਰਾਂ ਲੇਖਣ ਦੀਆਂ ਇਹ ਵਿਧੀਆਂ ਬਹੁਤ ਲੰਮੇਂ ਸਮੇਂ ਤੋਂ ਪੱਤਰਕਾਰੀ ਦਾ ਅਨਿੱਖੜਵਾਂ ਅੰਗ ਬਣੀਆਂ ਹੋਈਆਂ ਹਨ ਤੇ ਇਹਨਾਂ ਨੂੰ ਸਮਝੇ ਬਗੈਰ ਲਿਖੀ ਜਾਂ ਸੁਣਾਈ ਖ਼ਬਰ ਇਕ ਆਮ ਜਿਹੀ ਗੱਲ ਬਣ ਕੇ ਰਹਿ ਜਾਂਦੀ ਹੈ। ਅੱਜ ਦੇ ਆਧੁਨਿਕ ਯੁੱਗ ਵਿਚ ਖਬਰਾਂ ਦਾ ਮਹੱਤਵ ਜਿੰਨਾ ਵੱਧ ਰਿਹਾ ਹੈ, ਉਸ ਮੁਤਾਬਿਕ ਲੋੜ ਹੈ ਅਜੋਕੀ ਪੀੜ੍ਹੀ ਇਸ ਦਾ ਸੰਪੂਰਨ ਗਿਆਨ ਪ੍ਰਾਪਤ ਕਰਕੇ ਇਸ ਪਿੜ ਵਿਚ ਆਉਣ ਤੇ ਲੋਕਤੰਤਰ ਦੇ ਚੌਥੇ ਥੰਮ ਨੂੰ ਹੋਰ ਮਜ਼ਬੂਤ ਬਣਾਉਣ।

## ਸੰਦਰਭ ਸੂਚੀ

1. ਅਨੂਪ ਸਿੰਘ, ਸੰਪਾਦਨ ਅਤੇ ਪ੍ਰਕਾਸ਼ਨ ਪ੍ਰਕਿਰਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1994

2. ਕੁੰਦਰਾ, ਬਲਬੀਰ (ਡਾ), ਜਨਸੰਚਾਰ ਬਦਲਤੇ ਪਰਿਪ੍ਰੇਕਸ਼ਯ ਮੇਂ, (ਹਿੰਦੀ) ਤਕਸ਼ਿਲਾ ਪ੍ਰਕਾਸ਼ਨ, 2009
3. ਖਹਿਰਾ, ਸੁਰਿੰਦਰ ਸਿੰਘ, ਪੰਜਾਬੀ ਪੱਤਰਕਾਰੀ, ਸੁਖਰਾਜ ਪ੍ਰਕਾਸ਼ਨ, ਪਟਿਆਲਾ, 1983
4. ਮਾਨ, ਗੁਰਮੀਤ ਸਿੰਘ, ਪੱਤਰਕਾਰੀ ਦੇ ਮੂਲ ਸਿਧਾਂਤ, ਮਦਾਨ ਪਬਲਿਸ਼ਰਜ਼, ਪਟਿਆਲਾ, 1996
5. ਮਾਨ, ਗੁਰਮੀਤ ਸਿੰਘ, ਰਿਪੋਰਟਿੰਗ ਅਤੇ ਸੰਪਾਦਨ ਕਲਾ *(ਅਖਬਾਰਾਂ ਲਈ)*, ਮਦਾਨ ਪਬਲਿਸ਼ਰਜ਼, ਪਟਿਆਲਾ, 1987
6. ਮਿਸ਼ਰ, ਸਮਿਤਾ *(ਡਾ)*, ਭਾਰਤੀਯ ਮੀਡਿਆ: ਅੰਤਰੰਗ ਪਹਿਚਾਨ, ਸੰਪਾਦਕ, ਭਾਰਤ ਪੁਸਤਕ ਭੰਡਾਰ, ਦਿੱਲੀ, 2004